ਮਿੱਠੇ ਬੱਚੇ:- "ਮਿੱਠੇ ਬੱਚੇ ਤੁਸੀਂ ਸਾਰੇ ਕਲਪ ਵਿੱਚ ਆਲ ਰਾਉਂਡਰ ਪਾਰ੍ਹ ਵਜਾਇਆ, ਹੁਣ ਪਾਰ੍ਹ ਪੂਰਾ ਹੋਇਆ, ਘਰ ਚਲਣਾ ਹੈ"

ਪ੍ਰਸ਼ਨ:- ਤੁਸੀਂ ਬੱਚੇ ਆਪਣੇ ਭਾਗ ਦੀ ਮਹਿਮਾ ਕਿੰਨਾਂ ਸ਼ਬਦਾਂ ਵਿੱਚ ਕਰਦੇ ਹੋ ?

ਉੱਤਰ:- ਅਸੀਂ ਹਾਂ ਬ੍ਰਾਹਮਣ ਚੋਟੀ। ਸਾਨੂੰ ਨਿਰਾਕਾਰ ਰੱਬ ਬੈਠ ਪੜ੍ਹਾਉਂਦੇ ਹਨ। ਦੁਨੀਆਂ ਵਿੱਚ ਮਨੁੱਖ, ਮਨੁੱਖ ਨੂੰ ਪੜ੍ਹਾਉਂਦੇ ਲੇਕਿਨ ਸਾਨੂੰ ਆਪ ਭਗਵਾਨ ਪੜ੍ਹਾਉਂਦੇ ਹਨ ਤਾਂ ਕਿੰਨੇ ਭਾਗਸ਼ਾਲੀ ਹੋਏ।

ਪ੍ਰਸ਼ਨ :- ਇਸ ਡਰਾਮਾ ਵਿੱਚ ਸਭ ਤੋਂ ਵੱਡਾ ਪੋਜ਼ੀਸ਼ਨ ਕਿਸਦਾ ਹੈ?

ਉੱਤਰ :- ਨਿਰਾਕਾਰ ਬਾਪ ਦਾ, ਉਹ ਤੁਸੀਂ ਸਭ ਆਤਮਾਵਾਂ ਦਾ ਬਾਪ ਹੈ। ਸਭ ਆਤਮਾਵਾਂ ਡਰਾਮਾ ਦੇ ਸੂਤਰ ਵਿੱਚ ਬੰਨੀਆਂ ਹੋਈਆਂ ਹਨ। ਸਭ ਤੋਂ ਵੱਡਾ ਪੋਜ਼ੀਸ਼ਨ ਬਾਪ ਦਾ ਹੈ।

ਓਮ ਸ਼ਾਂਤੀ। ਰੂਹਾਨੀ ਬੱਚਿਆਂ ਤੋਂ ਰੂਹਾਨੀ ਬਾਪ ਪੁੱਛ ਰਹੇ ਹਨ - ਮਿੱਠੇ - ਮਿੱਠੇ ਬੱਚਿਓ, ਆਪਣਾ ਘਰ ਸ਼ਾਂਤੀਧਾਮ ਯਾਦ ਹੈ? ਭੁੱਲ ਤਾਂ ਨਹੀਂ ਗਏ ਹੋ? ਹੁਣ 84 ਦਾ ਚੱਕਰ ਪੂਰਾ ਹੋਇਆ, ਕਿਵੇਂ ਪੂਰਾ ਹੋਇਆ ਹੈ ਇਹ ਵੀ ਤੁਸੀਂ ਸਮਝ ਗਏ ਹੋ। ਸਤਿਯੁਗ ਤੋਂ ਲੈਕੇ ਕਲਯੁਗ ਅੰਤ ਤੱਕ ਇਵੇਂ ਹੋਰ ਕੋਈ ਵੀ ਪੁੱਛ ਨਾ ਸਕੇ। ਮਿੱਠੇ - ਮਿੱਠੇ ਲਾਡਲੇ ਬੱਚਿਆਂ ਤੋਂ ਬਾਬਾ ਪੁੱਛਦੇ ਹਨ, ਹੁਣ ਘਰ ਚਲਣਾ ਹੈ ਨਾ? ਘਰ ਚਲ ਕੇ ਫਿਰ ਸੁੱਖਧਾਮ ਵਿੱਚ ਆਉਣਾ ਹੈ। ਇਹ ਸੁੱਖਧਾਮ ਤਾਂ ਨਹੀਂ ਹੈ। ਇਹ ਹੈ ਪੁਰਾਣੀ ਦੁਨੀਆਂ, ਦੁੱਖਧਾਮ। ਉਹ ਹੈ ਸ਼ਾਂਤੀਧਾਮ, ਸੁੱਖਧਾਮ। ਹੁਣ ਇਸ ਦੁੱਖ ਤੋਂ ਮੁਕਤ ਹੋ, ਜਾਨਾ ਹੈ ਮੁਕਤੀਧਾਮ। ਮੁਕਤੀਧਾਮ ਅਥਵਾ ਸ਼ਾਂਤੀਧਾਮ ਜਿਵੇਂ ਕਿ ਸਾਹਮਣੇ ਖੜੇ ਹਨ। ਉਹ ਹੈ ਘਰ। ਫਿਰ ਤੁਸੀਂ ਨਵੇਂ ਵਿਸ਼ਵ ਵਿੱਚ ਆਓਗੇ, ਜਿੱਥੇ ਪਵਿੱਤਰਤਾ, ਸੁੱਖ, ਸ਼ਾਂਤੀ ਵੀ ਹੋਵੇਗੀ। ਇਹ ਤਾਂ ਸਮਝਦੇ ਹਨ ਨਾ - ਗਾਉਂਦੇ ਵੀ ਇਹ ਹਨ। ਬਾਪ ਨੂੰ ਵੀ ਪੁਕਾਰਦੇ ਹਨ - ਹੇ ਪਤਿਤ - ਪਾਵਨ, ਇਸ ਪਤਿਤ ਦੁਨੀਆਂ ਤੋਂ ਸਾਨੂੰ ਲੈ ਚੱਲੋ, ਇਸ ਵਿੱਚ ਬਹੁਤ ਦੁੱਖ ਹੈ। ਸਾਨੂੰ ਸੁੱਖ ਵਿੱਚ ਲੈ ਚੱਲੋ। ਸਮ੍ਰਿਤੀ ਵਿੱਚ ਆਉਂਦਾ ਹੈ। ਸ੍ਵਰਗ ਨੂੰ ਸਾਰੇ ਯਾਦ ਕਰਦੇ ਹਨ। ਸ਼ਰੀਰ ਛੱਡਿਆ, ਕਹਿਣਗੇ ਸਵਰਗ ਪਧਾਰਿਆ। ਲੇਫ੍ਰ ਫ਼ਾਰ ਹੇਵਿਨਲੀ ਅਬੋਡ। ਕਿਸਨੇ ਲੇਫ੍ਰ ਕੀਤਾ? ਆਤਮਾ ਨੇ। ਸ਼ਰੀਰ ਤਾਂ ਨਹੀਂ ਜਾਂਦਾ ਹੈ। ਆਤਮਾ ਹੀ ਜਾਂਦੀ ਹੈ। ਹੁਣ ਤੁਸੀਂ ਬੱਚੇ ਹੀ ਸ਼ਾਂਤੀਧਾਮ, ਸੁੱਖਧਾਮ ਨੂੰ ਜਾਣਦੇ ਹੋ ਹੋਰ ਕੋਈ ਨਹੀਂ ਜਾਣਦੇ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਨਾਲੇਜ਼ ਹੈ - ਸ਼ਾਂਤੀਧਾਮ ਕੀ ਹੈ ਅਤੇ ਸੁੱਖਧਾਮ ਕੀ ਹੈ। ਤੁਸੀਂ ਸੁੱਖਧਾਮ ਵਿੱਚ ਸੀ, ਹੁਣ ਫਿਰ ਦੁੱਖਧਾਮ ਵਿੱਚ ਆਏ ਹੋ। ਸੈਕੇਂਡ, ਮਿੰਟ, ਘੰਟੇ, ਦਿਨ, ਵਰ੍ਹੇ ਬੀਤ ਗਏ। ਹੁਣ 5 ਹਜ਼ਾਰ ਵਰ੍ਹਿਆਂ ਵਿੱਚ ਬਾਕੀ ਕੁਝ ਦਿਨ ਰਹਿੰਦੇ ਹਨ। ਬਾਪ ਬੱਚਿਆਂ ਨੂੰ ਸਮ੍ਰਿਤੀ ਦਿਲਾਉਂਦੇ ਰਹਿੰਦੇ ਹਨ। ਬਹੁਤ ਸਹਿਜ ਗੱਲ ਹੈ, ਇਸ ਵਿੱਚ ਮੁੰਝਣ ਦੀ ਤਾਂ ਲੋੜ ਹੀ ਨਹੀਂ। ਆਤਮਾ 84 ਜਨਮ ਕਿਵੇਂ ਲੈਂਦੀ ਹੈ, ਇਹ ਵੀ ਕਿਸੇ ਨੂੰ ਪਤਾ ਨਹੀਂ ਹੈ। ਲੱਖਾਂ ਵਰ੍ਹਿਆਂ ਦੀ ਗੱਲ ਤਾਂ ਕਿਸੇ ਨੂੰ ਯਾਦ ਵੀ ਰਹਿਣਾ ਮੁਸ਼ਕਲ ਹੈ। ਇਹ ਹੈ ਹੀ 5 ਹਜ਼ਾਰ ਵਰ੍ਹੇ ਦੀ ਗੱਲ। ਵਪਾਰੀ ਲੋਕ ਵੀ ਸ੍ਵਾਸ੍ਤਿਕਾ ਚੋਪੜੇ ਤੇ ਕਢਦੇ ਹਨ, ਉਸ ਨੂੰ ਗਣੇਸ਼ ਕਹਿ ਦਿੰਦੇ ਹਨ। ਗਣੇਸ਼ ਨੂੰ ਹਾਥੀ ਦੀ ਸੁੰਡ ਵਿਖਾਉਂਦੇ ਹਨ। ਮਨੁੱਖ ਪੈਸਾ ਖਰਚ ਕਰਦੇ ਹਨ, ਚਿੱਤਰ ਆਦਿ ਬਣਾਉਂਦੇ, ਇਸਨੂੰ ਕਿਹਾ ਜਾਂਦਾ ਹੈ ਵੇਸਟ ਆਫ ਟਾਈਮ। ਤੁਹਾਡੇ ਵਿੱਚ ਕਿੰਨੀ ਤਾਕਤ ਸੀ। ਉਹ ਦਿਨ ਪ੍ਰਤੀਦਿਨ ਘੱਟ ਹੁੰਦੀ ਗਈ ਹੈ। ਜਿਵੇਂ ਮੋਟਰ ਤੋਂ ਪੈਟ੍ਰੋਲ ਘੱਟ ਹੁੰਦਾ ਜਾਂਦਾ ਹੈ। ਹੁਣ ਤਾਂ ਤੁਸੀਂ ਬਹੁਤ ਕਮਜ਼ੋਰ ਹੋ ਗਏ ਹੋ। ਪੰਜ ਹਜ਼ਾਰ ਵਰ੍ਹੇ ਪਹਿਲੇ ਭਾਰਤ ਕੀ ਸੀ, ਅਥਾਹ ਸੁੱਖ ਸੀ। ਕਿੰਨਾ ਜਬਰਦਸਤ ਧਨ ਸੀ। ਇਹ ਰਾਜ ਉਨ੍ਹਾਂਨੇ ਕਿਵੇਂ ਪਾਇਆ? ਰਾਜਯੋਗ ਸਿੱਖੇ ਸੀ। ਇਸ ਵਿੱਚ ਲੜਾਈ ਆਦਿ ਦੀ ਗੱਲ ਹੀ ਨਹੀਂ। ਇਨ੍ਹਾਂ ਨੂੰ ਕਿਹਾ ਜਾਂਦਾ ਹੈ ਗਿਆਨ ਦੇ ਅਸਤ੍ਰ - ਸ਼ਸਤਰ। ਅਤੇ ਕੋਈ ਸਥੂਲ ਗੱਲ ਨਹੀਂ ਹੈ। ਗਿਆਨ ਦੇ ਅਸਤ੍ਰ - ਸ਼ਸਤਰ ਹਨ। ਗਿਆਨ, ਵਿਗਿਆਨ, ਯਾਦ ਅਤੇ ਗਿਆਨ ਦੇ ਕਿੰਨੇ ਵੱਡੇ ਜਬਰਦਸਤ ਅਸਤ੍ਰ - ਸ਼ਸਤਰ ਹਨ। ਸਾਰੇ ਵਿਸ਼ਵ ਤੇ ਤੁਸੀਂ ਰਾਜ ਕਰਦੇ ਹੋ। ਦੇਵਤਾਵਾਂ ਨੂੰ ਕਿਹਾ ਜਾਂਦਾ ਹੈ ਅਹਿੰਸਕ।

ਹੁਣ ਤੁਸੀਂ ਬੱਚਿਆਂ ਨੂੰ ਮਨੁੱਖ ਤੋਂ ਦੇਵਤਾ ਬਣਨ ਦੀ ਸਿੱਖਿਆ ਮਿਲ ਰਹੀ ਹੈ। ਤੁਸੀਂ ਜਾਣਦੇ ਹੋ ਅਸੀਂ ਹਰ 5 ਹਜ਼ਾਰ ਵਰ੍ਹੇ ਦੇ ਬਾਦ ਬੇਹੱਦ ਦੇ ਬਾਪ ਤੋਂ ਇਹ ਬੇਹੱਦ ਦਾ ਵਰਸਾ ਲੈ ਰਹੇ ਹਾਂ। ਇਹ ਆਤਮਾ ਦੀ ਗੱਲ ਹੈ। ਇਸ ਵਿੱਚ ਸਥੂਲ ਲੜਾਈ ਆਦਿ ਦੀ ਕੋਈ ਗੱਲ ਨਹੀਂ। ਆਤਮਾ ਪਤਿਤ ਬਣੀ ਹੈ ਇਸਲਈ ਉਹ ਪਾਵਨ ਹੋਣ ਦੇ ਲਈ ਬਾਪ ਨੂੰ ਬੁਲਾਉਂਦੀ ਹੈ। ਹੁਣ ਬਾਪ ਕਹਿੰਦੇ ਹਨ - ਮਿੱਠੇ - ਮਿੱਠੇ ਬੱਚੇ, ਹੁਣ ਤਾਂ ਘਰ ਜਾਣਾ ਹੈ। ਇਹ ਹੈ ਜੀਵ ਆਤਮਾਵਾਂ ਦੀ ਦੁਨੀਆਂ। ਉਹ ਹੈ ਆਤਮਾਵਾਂ ਦੀ ਦੁਨੀਆਂ। ਉਸਨੂੰ ਜੀਵ ਆਤਮਾਵਾਂ ਦੀ ਦੁਨੀਆਂ ਨਹੀਂ ਕਹਾਂਗੇ। ਇਹ ਘੜੀ - ਘੜੀ ਸਮ੍ਰਿਤੀ ਵਿੱਚ ਲਿਆਉਣਾ ਚਾਹੀਦਾ ਹੈ - ਅਸੀਂ ਦੂਰ ਦੇਸ਼ ਦੇ ਰਹਿਣ ਵਾਲੇ ਹਾਂ। ਸਾਡਾ ਆਤਮਾਵਾਂ ਦਾ ਘਰ ਹੈ ਬ੍ਰਹਮੰਡ। ਇਹ ਵੀ ਬੁੱਧੀ ਵਿੱਚ ਰਹੇ ਅਸੀਂ ਉੱਥੇ ਰਹਿੰਦੇ ਹਾਂ, ਇਸ ਅਕਾਸ਼ ਤੱਤਵ ਤੋਂ ਪਾਰ, ਜਿੱਥੇ ਸੂਰਜ - ਚਾਂਦ ਵੀ ਨਹੀਂ ਹੁੰਦੇ। ਅਸੀਂ ਉੱਥੇ ਦੇ ਰਹਿਣ ਵਾਲੇ ਇੱਥੇ ਪਾਰ੍ਹ ਵਜਾਉਣ ਆਏ ਹਾਂ। 84 ਦਾ ਪਾਰ੍ਹ ਵਜਾਉਂਦੇ ਹਾਂ। ਸਭ ਤਾਂ 84 ਜਨਮ ਲੈ ਨਹੀਂ ਸਕਦੇ। ਆਹਿਸਤੇ - ਆਹਿਸਤੇ ਉੱਪਰ ਤੋਂ ਉਤਰਦੇ ਆਉਂਦੇ ਹਨ। ਅਸੀਂ ਆਲਰਾਉਂਡਰ ਹਾਂ। ਸਭ ਕੰਮ ਕਰਨ ਵਾਲੇ ਨੂੰ ਆਲਰਾਉਂਡਰ ਕਿਹਾ ਜਾਂਦਾ ਹੈ। ਤੁਸੀਂ ਵੀ ਆਲਰਾਉਂਡਰ ਹੋ। ਆਦਿ ਤੋਂ ਅੰਤ ਤੱਕ ਤੁਹਾਡਾ ਪਾਰ੍ਹ ਹੈ। ਹੁਣ ਇਸ ਚੱਕਰ ਦਾ ਐਂਡ ਹੈ, ਤਾਂ ਵੀ ਉੱਪਰ ਤੋਂ ਆਉਂਦੇ ਰਹਿੰਦੇ ਹਾਂ। ਬਹੁਤ ਬੱਚੇ ਰਹੇ ਹੋਏ ਹਨ ਜੋ ਉੱਪਰ ਤੋਂ ਆਉਂਦੇ ਰਹਿੰਦੇ ਹਨ। ਵ੍ਰਿਧੀ ਨੂੰ ਪਾਉਂਦੇ ਰਹਿੰਦੇ ਹਨ।

ਬਾਪ ਨੇ ਤੁਸੀਂ ਬੱਚਿਆਂ ਨੂੰ 'ਹਮ ਸੋ' ਦਾ ਅਰਥ ਵੀ ਸਮਝਾਈਆ ਹੈ। ਉਹ ਲੋਕ ਤਾਂ ਕਹਿੰਦੇ ਅਸੀਂ ਆਤਮਾ ਸੋ ਪਰਮਾਤਮਾ ਹਾਂ। ਉਨ੍ਹਾਂ ਨੂੰ ਤਾਂ ਡਰਾਮੇ ਦੇ ਆਦਿ, ਮੱਧ, ਅੰਤ, ਡਿਉਰੇਸ਼ਨ ਆਦਿ ਦਾ ਵੀ ਕੁਝ ਪਤਾ ਨਹੀਂ ਹੈ। ਤੁਹਾਨੂੰ ਬਾਪ ਨੇ ਸਮਝਾਇਆ ਹੈ ਇਸ ਸ਼ਰੀਰ ਵਿੱਚ ਤੁਸੀਂ ਹਾਲੇ ਬ੍ਰਾਹਮਣ ਹੋ। ਪ੍ਰਜਾਪਿਤਾ ਬ੍ਰਹਮਾ ਦੁਆਰਾ ਸ਼ਿਵਬਾਬਾ ਨੇ ਤੁਹਾਨੂੰ ਅਡੋਪਟ ਕੀਤਾ ਹੈ, ਪੜ੍ਹਾਉਂਦੇ ਹਨ, ਇਹ ਤਾਂ ਯਾਦ ਰਹਿਣਾ ਚਾਹੀਦਾ ਹੈ ਨਾ। ਬਾਪ ਸਾਨੂੰ ਪੜ੍ਹਾ ਰਹੇ ਹਨ। ਉਹ ਉੱਚ ਤੋਂ ਉੱਚ ਭਗਵਾਨ ਹੈ। ਸਾਰੀਆਂ ਆਤਮਾਵਾਂ ਇਸ ਡਰਾਮੇ ਦੇ ਧਾਗੇ ਵਿੱਚ ਪਿਰੋਈਆਂ ਹੋਈਆਂ ਹਨ। ਹੁਣ ਤੁਸੀਂ ਜਾਣਦੇ ਹੋ ਅਸੀਂ ਸ਼ੁਰੂ ਵਿੱਚ ਦੇਵਤਾ ਸੀ, ਫੇਰ ਅਸੀਂ ਸੋ ਕਸ਼ਤਰੀਏ ਧਰਮ ਵਿੱਚ ਆਏ ਮਤਲਬ ਸੂਰਜਵੰਸ਼ੀ ਤੋਂ ਚੰਦ੍ਰਵਨਸ਼ੀ ਵਿੱਚ ਆਏ, ਇੰਨੇ ਜਨਮ ਲੀਤੇ - ਇਹ ਸਭ ਪਤਾ ਹੋਣਾ ਚਾਹੀਦਾ ਹੈ। ਇਹ ਨਾਲੇਜ ਪਹਿਲਾਂ ਤੁਹਾਡੇ ਵਿੱਚ ਬਿਲਕੁਲ ਨਹੀਂ ਸੀ। ਹੁਣ ਬਾਪ ਨੇ ਸਮਝਾਇਆ ਹੈ, ਇਹ ਵਰਣਾਂ ਦੀ ਬਾਜੋਲੀ ਹੈ। ਹੁਣ ਫੇਰ ਸ਼ੂਦਰ ਤੋਂ ਬ੍ਰਾਹਮਣ ਬਣੇ ਹੋ, ਬ੍ਰਾਹਮਣ ਤੋਂ ਫੇਰ ਦੇਵਤਾ ਬਣੋਗੇ। ਵਿਰਾਟ ਰੂਪ ਵਿਖਾਉਂਦੇ ਹਨ ਨਾ। ਤੁਹਾਡੀ ਬੁੱਧੀ ਵਿੱਚ ਸਾਰਾ ਗਿਆਨ ਹੈ - ਕਿਵੇਂ ਅਸੀਂ ਹੇਠਾਂ ਉਤਰੇ ਫੇਰ ਬ੍ਰਾਹਮਣ ਕੁੱਲ ਵਿੱਚ ਆਏ ਫੇਰ ਡੀ. ਟੀ. ਡਾਇਨੇਸਟੀ ਵਿੱਚ ਆਏ। ਹੁਣ ਤੁਸੀਂ ਬ੍ਰਾਹਮਣ ਹੋ ਚੋਟੀ। ਚੋਟੀ ਸਭ ਤੋਂ ਉੱਚੀ ਹੁੰਦੀ ਹੈ। ਤੁਹਾਡੇ ਵਰਗਾ ਉਚ ਕੁੱਲ ਕੌਣ ਕਹਾਵੇ। ਭਗਵਾਨ ਬਾਪ ਆਕੇ ਤੁਹਾਨੂੰ ਪੜ੍ਹਾ ਰਹੇ ਹਨ। ਤੁਸੀਂ ਕਿੰਨੇ ਭਾਗਸ਼ਾਲੀ ਹੋ। ਆਪਣੇ ਭਾਗ ਦੀ ਕੁਝ ਮਹਿਮਾ ਤਾਂ ਕਰੋ। ਬਾਹਰ ਵਿੱਚ ਤਾਂ ਸਾਰੇ ਮਨੁੱਖ, ਮਨੁੱਖਾਂ ਨੂੰ ਪੜ੍ਹਾਉਂਦੇ ਹਨ। ਇਹ ਤਾਂ ਹੈ ਨਿਰਾਕਾਰ ਬਾਪ। ਇਹ ਬਾਪ ਕਲਪ - ਕਲਪ ਇੱਕ ਹੀ ਵਾਰ ਆਕੇ ਨਾਲੇਜ਼ ਦਿੰਦੇ ਹਨ। ਪੜ੍ਹਾਈ ਤਾਂ ਹਰ ਇੱਕ ਪੜ੍ਹਦੇ ਹਨ ਨਾ। ਬੈਰਿਸਟਰ ਦੀ ਨਾਲੇਜ਼ ਪੜ੍ਹਕੇ ਬੈਰਿਸਟਰ ਬਣਦੇ ਹਨ ਉਹ ਸਭ ਮਨੁੱਖ, ਮਨੁੱਖਾਂ ਨੂੰ ਪੜ੍ਹਾਉਂਦੇ ਆਉਂਦੇ ਹਨ। ਹੁਣ ਇਹ ਹੈ ਭਗਵਾਨੁਵਾਚ। ਮਨੁੱਖਾਂ ਨੂੰ ਤਾਂ ਕਦੇ ਭਗਵਾਨ ਨਹੀਂ ਕਿਹਾ ਜਾਂਦਾ ਹੈ। ਉਹ ਤਾਂ ਹਨ ਨਿਰਾਕਾਰ। ਇੱਥੇ ਆਕੇ ਤੁਹਾਨੂੰ ਬੱਚਿਆਂ ਨੂੰ ਪੜ੍ਹਾਉਂਦੇ ਹਨ। ਪੜ੍ਹਾਈ ਨਾ ਸੂਖਸ਼ਮ ਵਤਨ ਵਿੱਚ, ਨਾ ਮੂਲਵਤਨ ਵਿੱਚ ਪੜ੍ਹਨੀ ਹੁੰਦੀ ਹੈ। ਪੜ੍ਹਾਈ ਹੁੰਦੀ ਹੀ ਹੈ ਇੱਥੇ। ਇਸ ਵਿੱਚ ਮੁੰਝਣ ਦੀ ਤਾਂ ਕੋਈ ਗੱਲ ਹੀ ਨਹੀਂ। ਸਕੂਲ ਵਿੱਚ ਕਦੇ ਸਟੂਡੈਂਟ ਕਹਿਣਗੇ ਕੀ ਅਸੀਂ ਮੁੰਝਦੇ ਹਾਂ। ਸਾਨੂੰ ਨਿਸ਼ਚੇ ਨਹੀਂ ਹੁੰਦਾ। ਪੜ੍ਹਾਈ ਨੂੰ ਪੜ੍ਹਕੇ ਆਪਣਾ ਸਟੇਟਸ ਲੈਂਦੇ ਹਾਂ। ਇਹ ਲਕਸ਼ਮੀ - ਨਾਰਾਇਣ ਸਤਿਯੁਗ ਆਦਿ ਵਿੱਚ ਵਿਸ਼ਵ ਦੇ ਮਾਲਿਕ ਕਿਵੇਂ ਬਣੇ? ਜ਼ਰੂਰ ਬਾਪ ਦੁਆਰਾ ਬਣੇ। ਬਾਪ ਤਾਂ ਸੱਚ ਦੱਸਣਗੇ। ਭਗਵਾਨ ਕੋਈ ਗਲਤ ਥੋੜ੍ਹੀ ਨਾ ਦੱਸ ਸਕਦੇ ਹਨ। ਬਹੁਤ ਭਾਰੀ ਇਮਤਿਹਾਨ ਹੈ। ਇਸ ਵੇਲੇ ਤਾਂ ਹੈ ਪ੍ਰਜਾ ਦਾ ਪ੍ਰਜਾ ਤੇ ਰਾਜ। ਰਾਜਾ - ਰਾਣੀ ਹੈ ਨਹੀਂ। ਸਤਿਯੁਗ ਵਿੱਚ ਸਨ, ਹੁਣ ਕਲਯੁਗ ਅੰਤ ਵਿੱਚ ਹੈ ਨਹੀਂ। ਇਸਨੂੰ ਕਿਹਾ ਜਾਂਦਾ ਹੈ ਪੰਚਾਇਤੀ ਰਾਜ। ਗੀਤਾ ਵਿੱਚ ਲਿਖ ਦਿੱਤਾ ਹੈ ਕੌਰਵ ਅਤੇ ਪਾਂਡਵ। ਰੂਹਾਨੀ ਪੰਡੇ ਤਾਂ ਤੁਸੀਂ ਹੋ ਨਾ। ਸਭ ਨੂੰ ਰੂਹਾਨੀ ਘਰ ਦਾ ਰਸਤਾ ਦਸਦੇ ਹੋ। ਉਹ ਹੈ ਤੁਹਾਡਾ ਆਤਮਾਵਾਂ ਦਾ ਰੂਹਾਨੀ ਘਰ। ਰੂਹ ਜਨਮ ਲੈਕੇ ਪਾਰਟ ਵਜਾਉਂਦੀ ਹੈ। ਇਹ ਗੱਲਾਂ ਤੁਹਾਡੇ ਇਲਾਵਾ ਹੋਰ ਕੋਈ ਨਹੀਂ ਜਾਣਦਾ। ਰਿਸ਼ੀ - ਮੁਨੀ ਆਦਿ ਕੋਈ ਵੀ ਨਾ ਰਚਤਾ ਨੂੰ, ਨਾ ਰਚਨਾ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹਨ। ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਪ੍ਰੰਤੂ ਉਨ੍ਹਾਂ ਦਾ ਵੀ ਕੋਈ ਪੂਰਾ ਹਿਸਾਬ - ਕਿਤਾਬ ਨਹੀਂ ਹੈ। ਅੱਧਾ - ਅੱਧਾ ਵੀ ਹੋ ਨਾ ਸਕੇ, ਪੂਰਾ ਅੱਧਾ ਸੁੱਖਧਾਮ ਫੇਰ ਪੂਰਾ ਅੱਧਾ ਦੁੱਖਧਾਮ। ਇਹ ਹੈ ਪਤਿਤ ਦੁਨੀਆਂ ਵਿਸ਼ਸ਼ ਅਤੇ ਉਹ ਹੈ ਵਾਇਸਲੈਸ।

ਬਾਪ ਕਿੰਨਾ ਉੱਚ ਤੋਂ ਉੱਚ ਹੈ, ਪਰੰਤੂ ਕਿੰਨਾ ਸਧਾਰਨ ਹੈ। ਕੋਈ ਵੱਡੇ ਆਦਮੀ ਆਫ਼ੀਸਰਜ਼ ਆਦਿ ਨਾਲ ਮਿਲਦੇ ਹਨ ਤਾਂ ਉਨ੍ਹਾਂਨੂੰ ਕਿੰਨਾ ਰਿਗਾਰਡ ਦਿੰਦੇ ਹਨ। ਪਤਿਤ ਦੁਨੀਆਂ ਵਿੱਚ ਪਤਿਤ ਮਨੁੱਖ ਹੀ ਪਤਿਤਾਂ ਦਾ ਦੀਦਾਰ ਕਰਦੇ ਹਨ। ਪਾਵਨ ਤਾਂ ਹੈ ਹੀ ਗੁਪਤ। ਬਾਹਰ ਤੋਂ ਵਿਖਾਈ ਕੁਝ ਨਹੀ ਪੈਂਦਾ ਹੈ। ਬਾਪ ਨੂੰ ਕਿਹਾ ਜਾਂਦਾ ਹੈ ਨਾਲੇਜ਼ਫੁਲ, ਬਲਿਸਫੁਲ। ਸਭ ਗੱਲਾਂ ਬਾਪ ਵਿੱਚ ਫੁੱਲ ਹਨ ਇਸ ਲਈ ਉਨ੍ਹਾਂ ਨੂੰ ਗਿਆਨ ਦਾ ਸਾਗਰ ਕਿਹਾ ਜਾਂਦਾ ਹੈ। ਹੈ ਇੱਕ ਮਨੁੱਖ ਦੀ ਪੋਜੀਸ਼ਨ ਦੀ ਮਹਿਮਾ ਵੱਖ - ਵੱਖ ਹੈ। ਵਜ਼ੀਰ ਨੂੰ ਵਜ਼ੀਰ, ਪ੍ਰਾਈਮ ਮਨਿਸਟਰ ਨੂੰ ਪ੍ਰਾਈਮ ਮਿਨਿਸਟਰ ਕਹਾਂਗੇ। ਇਹ ਫੇਰ ਹੈ ਉੱਚ ਤੋਂ ਉੱਚ ਭਗਵਾਨ। ਸਭ ਤੋਂ ਵੱਡਾ ਪੋਜੀਸ਼ਨ ਹੈ ਨਿਰਕਾਰ ਬਾਪ ਦਾ, ਜਿਸਦੇ ਅਸੀਂ ਸਭ ਬੱਚੇ ਹਾਂ। ਉੱਥੇ ਅਸੀਂ ਸਭ ਬਾਪ ਦੇ ਨਾਲ ਪਰਮਧਾਮ ਵਿੱਚ ਰਹਿੰਦੇ ਹਾਂ। ਉਹ ਹੈ ਘਰ। ਇੱਥੇ ਸਭਨੂੰ ਆਪਣਾ - ਆਪਣਾ ਪਾਰ੍ਰ ਮਿਲਿਆ ਹੋਇਆ ਹੈ। ਕੋਈ ਇੱਕ ਜਨਮ ਦਾ ਵੀ ਪਾਰਟ ਵਜਾਕੇ ਵਾਪਿਸ ਚਲੇ ਜਾਂਦੇ ਹਨ। ਬਾਪ ਸਮਝਾਉਂਦੇ ਹਨ ਇਹ ਮਨੁੱਖ ਸ੍ਰਿਸ਼ਟੀ ਦਾ ਵੈਰਾਇਟੀ ਝਾੜ ਹੈ। ਇੱਕ ਨਾ ਮਿਲੇ ਦੂਸਰੇ ਨਾਲ। ਆਤਮਾ ਤਾਂ ਇੱਕ ਜਿਹੀ ਹੈ। ਬਾਕੀ ਸ਼ਰੀਰ ਇੱਕ ਨਾ ਮਿਲੇ ਦੂਜੇ ਨਾਲ। ਨਾਟਕ ਵੀ ਵਿਖਾਉਂਦੇ ਹਨ, ਜਿਸ ਵਿੱਚ ਇਕੋ ਜਿਹੀ ਦੋ ਸ਼ਕਲਾਂ ਬਣਾਉਂਦੇ ਹਨ, ਜਿਸ ਵਿੱਚ ਮੁੰਝ ਜਾਂਦੇ ਹਨ ਕਿ ਪਤਾ ਨਹੀਂ ਸਾਡਾ ਪਤੀ ਇਹ ਹੈ ਜਾਂ ਇਹ? ਇਹ ਤਾਂ ਬੇਹੱਦ ਦਾ ਖੇਲ੍ਹ ਹੈ। ਇਸ ਵਿੱਚ ਇੱਕ ਨਾ ਮਿਲੇ ਦੂਜੇ ਨਾਲ। ਹਰ ਇੱਕ ਦੇ ਫੀਚਰਜ਼ ਵੱਖ - ਵੱਖ ਹਨ। ਉੱਮਰ ਭਾਵੇਂ ਇਕੋ ਜਿਹੀ ਹੋਵੇ ਪਰ ਫੀਚਰਜ਼ ਇੱਕ ਜਿਹੇ ਨਹੀਂ ਹੋ ਸਕਦੇ। ਹਰ ਜਨਮ ਵਿੱਚ ਫੀਚਰਜ਼ ਬਦਲਦੇ ਜਾਂਦੇ ਹਨ। ਕਿੰਨਾ ਵੱਡਾ ਬੇਹੱਦ ਦਾ ਨਾਟਕ ਹੈ। ਤਾਂ ਉਨ੍ਹਾਂ ਨੂੰ ਜਾਨਣਾ ਚਾਹੀਦਾ ਹੈ ਨਾ। ਸਾਰੀ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਗਿਆਨ ਤੁਹਾਡੀ ਬੁੱਧੀ ਵਿੱਚ ਹੈ। ਹਰ ਇੱਕ ਦਾ ਡਰਾਮੇ ਵਿੱਚ ਜੋ ਪਾਰਟ ਹੈ ਉਹ ਹੀ ਵਜਾਉਣਗੇ। ਡਰਾਮੇ ਵਿੱਚ ਕੋਈ ਰੀਪਲੇਸ ਹੋ ਨਹੀਂ ਸਕਦਾ। ਬੇਹੱਦ ਦਾ ਡਰਾਮਾ ਹੈ ਨਾ। ਜਨਮ ਲੈਂਦੇ ਰਹਿੰਦੇ ਹਨ। ਸਭ ਦੇ ਫੀਚਰਜ਼ ਵੱਖ - ਵੱਖ ਹਨ। ਕਿੰਨੇ ਵੈਰਾਇਟੀ ਫੀਚਰਜ਼ ਹਨ। ਇਹ ਨਾਲੇਜ ਸਾਰੀ ਬੁੱਧੀ ਨਾਲ ਸਮਝਣ ਦੀ ਹੈ। ਕੋਈ ਕਿਤਾਬ ਆਦਿ ਹੈ ਨਹੀਂ। ਗੀਤਾ ਦਾ ਭਗਵਾਨ ਹੱਥ ਵਿੱਚ ਗੀਤਾ ਲੈ ਆਉਂਦਾ ਹੈ ਕੀ? ਉਹ ਤਾਂ ਗਿਆਨ ਦਾ ਸਾਗਰ ਹੈ, ਪੁਸਤਕ ਥੋੜ੍ਹੀ ਨਾ ਲੈ ਆਇਆ। ਪੁਸਤਕ ਤੇ ਭਗਤੀ ਮਾਰਗ ਵਿੱਚ ਬਣਦੇ ਹਨ। ਤਾਂ ਇਹ ਸਭ ਡਰਾਮੇ ਵਿੱਚ ਨੂੰਧ ਹੈ। ਇੱਕ ਸੈਕਿੰਡ ਨਾ ਮਿਲੇ ਦੂਸਰੇ ਨਾਲ। ਤੁਹਾਨੂੰ ਬੱਚਿਆਂ ਨੂੰ ਤਾਂ ਸਭ ਸਮਝਾ ਦਿੱਤਾ ਹੈ। ਚੱਕਰ ਪੂਰਾ ਹੋ ਫੇਰ ਨਵੇਂ ਸਿਰੇ ਤੋਂ ਸ਼ੁਰੂ ਹੋਵੇਗਾ। ਹੁਣ ਤੁਸੀਂ ਪੜ੍ਹ ਰਹੇ ਹੋ। ਬਾਪ ਨੂੰ ਵੀ ਤੁਸੀਂ ਜਾਣ ਗਏ ਹੋ। ਰਚਨਾ ਨੂੰ ਵੀ ਜਾਣ ਗਏ ਹੋ। ਮੂਲਵਤਨ ਵਿਚੋਂ ਇੱਥੇ ਆਉਂਦੇ ਹੋ ਪਾਰਟ ਵਜਾਉਣ। ਸਟੇਜ਼ ਕਿੰਨੀ ਵੱਡੀ ਹੈ, ਇਸ ਦਾ ਕੋਈ ਮਾਪ ਨਹੀਂ ਹੋ ਸਕਦਾ। ਕੋਈ ਵੀ ਪਹੁੰਚ ਨਹੀਂ ਸਕਦੇ। ਸਾਗਰ ਅਤੇ ਆਕਾਸ਼ ਦਾ ਕੋਈ ਵੀ ਅੰਤ ਨਹੀਂ ਪਾ ਸਕਦੇ ਇਸ ਲਈ ਬੇਅੰਤ ਗਾਇਆ ਜਾਂਦਾ ਹੈ। ਪਹਿਲੋਂ ਇਨੀ ਕੋਸ਼ਿਸ਼ ਨਹੀਂ ਕਰਦੇ ਸਨ, ਹੁਣ

ਕੋਸ਼ਿਸ਼ ਕਰਦੇ ਹਨ। ਸਾਇੰਸ ਵੀ ਹੁਣ ਹੈ, ਫੇਰ ਕਦੋਂ ਸ਼ੁਰੂ ਹੋਵੇਗੀ? ਜਦੋਂ ਉਨ੍ਹਾਂ ਦਾ ਪਾਰਟ ਹੋਵੇਗਾ। ਤਾਂ ਇਨੀਆਂ ਸਭ ਗੱਲਾਂ ਸ਼ਾਸਤਰਾਂ ਵਿੱਚ ਥੋੜ੍ਹੇ ਹੀ ਹਨ। ਸੁਣਾਉਣ ਵਾਲੇ ਦੇ ਬਦਲੇ ਸੁਣਨ ਵਾਲੇ ਦਾ ਨਾਮ ਪਾ ਦਿੱਤਾ ਹੈ। ਇਹ ਕਾਲੀ ਆਤਮਾ ਉਹ ਗੋਰੀ ਆਤਮਾ। ਕਾਲੀ ਆਤਮਾ ਇਨ੍ਹਾਂ ਦੁਆਰਾ ਸੁਣਕੇ ਗੋਰੀ ਬਣੀ ਹੈ। ਨਾਲੇਜ ਨਾਲ ਕਿੰਨਾ ਉੱਚਾ ਪਦ ਮਿਲਦਾ ਹੈ।

ਇਹ ਹੈ ਗੀਤਾ ਪਾਠਸ਼ਾਲਾ। ਕੌਣ ਪੜ੍ਹਾਉਂਦੇ ਹਨ? ਭਗਵਾਨ ਰਾਜਯੋਗ ਸਿਖਾਉਂਦੇ ਹਨ ਅਮਰਪੁਰੀ ਦੇ ਲਈ ਇਸ ਲਈ ਇਸ ਨੂੰ ਅਮਰਕਥਾ ਵੀ ਕਿਹਾ ਜਾਂਦਾ ਹੈ। ਜ਼ਰੂਰ ਸੰਗਮਯੁੱਗ ਤੇ ਹੀ ਸੁਣਾਈ ਹੋਵੇਗੀ। ਜਿੰਨ੍ਹਾਂਨੇ ਕਲਪ ਪਹਿਲੋਂ ਪੜ੍ਹਿਆ ਹੈ, ਉਹ ਹੀ ਆਕੇ ਫੇਰ ਪੜ੍ਹਣਗੇ ਅਤੇ ਨੰਬਰਵਾਰ ਪਦ ਪਾਉਣਗੇ। ਤੁਸੀਂ ਇੱਥੇ ਕਿੰਨੀ ਵਾਰੀ ਆਏ ਹੋ? ਅਣਗਿਣਤ। ਕੋਈ ਪੁੱਛੇ ਇਹ ਨਾਟਕ ਕਦੋਂ ਸ਼ੁਰੂ ਹੋਇਆ ਹੈ? ਤੁਸੀਂ ਕਹੋਗੇ ਇਹ ਤਾਂ ਅਨਾਦਿ ਚਲਿਆ ਆ ਰਿਹਾ ਹੈ। ਗਿਣਤੀ ਦੀ ਗੱਲ ਹੋ ਨਹੀਂ ਸਕਦੀ, ਪੁੱਛਣ ਦਾ ਖ਼ਿਆਲ ਵੀ ਨਹੀਂ ਆਉਂਦਾ।

ਸ਼ਾਸਤਰਾਂ ਵਿੱਚ ਸਭ ਹਨ ਭਗਤੀ ਮਾਰਗ ਦੀਆਂ ਕਹਾਣੀਆਂ, ਜੋ ਪੜ੍ਹਦੇ ਰਹਿੰਦੇ ਹਨ। ਇੱਥੇ ਤਾਂ ਅਨੇਕ ਭਾਸ਼ਾਵਾਂ ਹਨ, ਸਤਿਯੁਗ ਵਿੱਚ ਅਨੇਕ ਭਾਸ਼ਾਵਾਂ ਆਦਿ ਹੁੰਦੀਆਂ ਨਹੀਂ। ਇੱਕ ਧਰਮ, ਇੱਕ ਭਾਸ਼ਾ, ਇੱਕ ਰਾਜ ਦੀ ਤੁਸੀਂ ਸਥਾਪਨਾ ਕਰ ਰਹੇ ਹੋ। ਉਹ ਲੋਕ ਤਾਂ ਸ਼ਾਂਤੀ ਸਥਾਪਨ ਕਰਨ ਦੀ ਰਾਏ ਦੇਣ ਵਾਲਿਆਂ ਨੂੰ ਪ੍ਰਾਈਜ਼ ਦਿੰਦੇ ਰਹਿੰਦੇ ਹਨ। ਸ਼ਿਵਬਾਬਾ ਤੁਹਾਨੂੰ ਸਾਰੇ ਵਿਸ਼ਵ ਵਿੱਚ ਸ਼ਾਂਤੀ ਸਥਾਪਨ ਕਰਨ ਦੀ ਰਾਏ ਦਿੰਦੇ ਹਨ। ਉਨ੍ਹਾਂਨੂੰ ਤੁਸੀਂ ਕੀ ਪ੍ਰਾਈਜ਼ ਦੇਵੋਗੇ? ਉਹ ਤਾਂ ਹੋਰ ਹੀ ਤੁਹਾਨੂੰ ਪ੍ਰਾਈਜ਼ ਦਿੰਦੇ ਹਨ। ਲੈਂਦੇ ਨਹੀਂ। ਇਹ ਸਮਝਣ ਦੀਆਂ ਗੱਲਾਂ ਹਨ। ਕਲ ਦੀ ਗੱਲ ਹੈ, ਜਦੋਂ ਕਿ ਇਨ੍ਹਾਂ ਦਾ ਰਾਜ ਸੀ। ਹੁਣ ਤਾਂ ਰਹਿਣ ਦੀ ਜਗ੍ਹਾ ਨਹੀਂ ਹੈ। ਉੱਥੇ ਤਾਂ ਦੋ - ਤਿੰਨ ਮੰਜਿਲਾਂ ਬਣਾਉਣ ਦੀ ਵੀ ਜ਼ਰੂਰਤ ਨਹੀਂ ਰਹਿੰਦੀ। ਲਕੜਾਂ ਆਦਿ ਦੀ ਲੋੜ ਨਹੀਂ। ਉੱਥੇ ਤਾਂ ਸੋਨੇ ਚਾਂਦੀ ਦੇ ਮਕਾਨ ਹੁੰਦੇ ਹਨ। ਸਾਇੰਸ ਦੇ ਜ਼ੋਰ ਨਾਲ ਝੱਟ ਮਕਾਨ ਬਣ ਜਾਂਦੇ ਹਨ। ਇੱਥੇ ਤਾਂ ਸਾਇੰਸ ਦੇ ਸੁੱਖ ਵੀ ਹਨ ਦੁੱਖ ਵੀ ਹਨ। ਇਸ ਨਾਲ ਸਾਰੀ ਦੁਨੀਆਂ ਖ਼ਲਾਸ ਹੋ ਜਾਵੇਗੀ, ਇਸ ਨੂੰ ਕਿਹਾ ਜਾਂਦਾ ਹੈ ਫ਼ਾਲ ਆਫ ਪਾਪਿੰਆ। ਮਾਇਆ ਦਾ ਕਿੰਨਾ ਪਾਮਪ ਹੈ। ਸ਼ਾਹੂਕਾਰਾਂ ਦੇ ਲਈ ਤਾਂ ਜਿਵੇਂ ਸ੍ਵਰਗ ਹੈ ਇਸ ਲਈ ਉਹ ਤੁਹਾਡੀ ਗੱਲ ਵੀ ਨਹੀਂ ਸੁਣਦੇ। ਪਹਿਲੋਂ ਤੁਸੀਂ ਵੀ ਨਹੀਂ ਜਾਣਦੇ ਸੀ। ਇੱਥੇ ਤੇ ਬਾਪ ਆਕੇ ਡਾਇਰੈਕਟ ਤੁਹਾਨੂੰ ਪੜ੍ਹਾਉਂਦੇ ਹਨ। ਬਾਹਰ ਵਿੱਚ ਤਾਂ ਫੇਰ ਵੀ ਬੱਚੇ ਪੜ੍ਹਾਉਂਦੇ ਹਨ। ਮਿੱਤਰ ਸਬੰਧੀ ਆਦਿ ਵੀ ਯਾਦ ਆਉਂਦੇ ਰਹਿੰਦੇ ਹਨ। ਇੱਥੇ ਤਾਂ ਬਾਪ ਬੈਠ ਸਮਝਾਉਂਦੇ ਹਨ। ਦਿਨ - ਪ੍ਰਤੀਦਿਨ ਤੁਸੀਂ ਯਾਦ ਦੀ ਯਾਤਰਾ ਵਿੱਚ ਪੱਕੇ ਹੁੰਦੇ ਜਾਵੋਗੇ। ਫੇਰ ਤੁਹਾਨੂੰ ਕੁਝ ਵੀ ਯਾਦ ਨਹੀਂ ਆਵੇਗਾ। ਸਿਰ੍ਫ ਘਰ ਅਤੇ ਰਾਜਧਾਨੀ ਯਾਦ ਆਵੇਗੀ। ਫੇਰ ਇਹ ਨੌਕਰੀ ਆਦਿ ਯਾਦ ਨਹੀਂ ਆਵੇਗੀ। ਮਰਣਗੇ ਇੰਵੇਂ ਜਿਵੇਂ ਬੈਠੇ - ਬੈਠੇ ਹਾਰਟ ਫੇਲ੍ਹ ਹੁੰਦੇ ਹਨ। ਦੁੱਖ ਦੀ ਗੱਲ ਨਹੀਂ। ਹਸਪਤਾਲ ਆਦਿ ਤਾਂ ਕੁਝ ਵੀ ਨਹੀਂ ਹੋਣਗੇ। ਬਾਪ ਨੂੰ ਜਾਣ ਲਿਆ ਅਤੇ ਸ੍ਵਰਗ ਦੇ ਮਾਲਿਕ ਬਣੇ। ਤੁਹਾਡਾ ਤੇ ਹੱਕ ਹੈ, ਸਭ ਦਾ ਨਹੀਂ ਕਿਉਂਕਿ ਸ੍ਵਰਗ ਵਿੱਚ ਤਾਂ ਸਭ ਨਹੀਂ ਆਉਣਗੇ ਨਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਰੂਹਾਨੀ ਪੰਡਾ ਬਣ ਸਭਨੂੰ ਰੂਹਾਨੀ ਘਰ ਦਾ ਰਸਤਾ ਦੱਸਣਾ ਹੈ। ਗਿਆਨ ਅਤੇ ਯੋਗ ਦੇ ਅਸਤ੍ਰ- ਸ਼ਸਤਰ ਨਾਲ ਸਾਰੇ ਵਿਸ਼ਵ ਤੇ ਰਾਜ ਕਰਨਾ ਹੈ। ਡਬਲ ਅਹਿੰਸਕ ਬਣਨਾ ਹੈ।

2. 84 ਜਨਮਾਂ ਦਾ ਆਲਰਾਊਂਡ ਪਾਰ੍ਟ ਵਜਾਉਣ ਵਾਲਿਆਂ ਨੂੰ ਵੀ ਹੁਣ ਆਲਰਾਊਂਡਰ ਬਣਨਾ ਹੈ। ਸਭ ਕੰਮ ਕਰਨੇ ਹਨ। ਬੇਹੱਦ ਦੇ ਵੈਰਾਇਟੀ ਡਰਾਮੇ ਵਿੱਚ ਹਰ ਇੱਕ ਐਕਟਰ ਦਾ ਪਾਰ੍ਟ ਵੇਖਦੇ ਹੋਏ ਖੁਸ਼ ਰਹਿਣਾ ਹੈ।

ਵਰਦਾਨ:- ਅਵਿਨਾਸ਼ੀ ਉਮੰਗ -ਉਤਸ਼ਾਹ ਦਵਾਰਾ ਤੂਫ਼ਾਨ ਨੂੰ ਤੋਫਾ ਬਣਾਉਣ ਵਾਲੇ ਸ਼੍ਰੇਸ਼ਠ ਬ੍ਰਾਹਮਣ ਆਤਮਾ ਭਵ

ਉਮੰਗ -ਉਤਸ਼ਾਹ ਹੀ ਬ੍ਰਾਹਮਣਾਂ ਦੀ ਉਡਦੀ ਕਲਾ ਦੇ ਪੰਖ ਹਨ। ਇਹਨਾਂ ਪੰਖਾ ਨਾਲ ਸਦਾ ਉੱਡਦੇ ਰਹੋ। ਇਹ ਉਮੰਗ -ਉਤਸ਼ਾਹ ਤੁਸੀਂ ਬ੍ਰਾਹਮਣਾਂ ਦੇ ਲਈ ਵੱਡੇ ਤੋਂ ਵੱਡੀ ਸ਼ਕਤੀ ਹੈ। ਨੀਰਸ ਜੀਵਨ ਨਹੀਂ ਹੈ। ਉਮੰਗ -ਉਤਸ਼ਾਹ ਦਾ ਰਸ ਸਦਾ ਹੈ। ਉਮੰਗ -ਉਤਸ਼ਾਹ ਮੁਸ਼ਕਿਲ ਨੂੰ ਵੀ ਸਹਿਜ ਕਰ ਦਿੰਦਾ ਹੈ, ਉਹ ਕਦੀ ਦਿਲਸ਼ਿਕਸ਼ਤ ਨਹੀਂ ਹੋ ਸਕਦੇ। ਉਤਸ਼ਾਹ ਤੂਫ਼ਾਨ ਨੂੰ ਤੋਫਾ ਬਣਾ ਦਿੰਦਾ ਹੈ, ਉਤਸ਼ਾਹ ਕਿਸੇ ਵੀ ਪਰਿਕ੍ਸ਼ਾ ਅਤੇ ਸਮਸਿਆ ਨੂੰ ਮਨੋਰੰਜਨ ਅਨੁਭਵ ਕਰਾਉਂਦਾ ਹੈ। ਇਵੇਂ ਅਵਿਨਾਸ਼ੀ ਉਮੰਗ -ਉਤਸ਼ਾਹ ਵਿੱਚ ਰਹਿਣ ਵਾਲੇ ਹੀ ਸ਼੍ਰੇਸ਼ਠ ਬ੍ਰਾਹਮਣ ਹਨ।

ਸਲੋਗਨ:- ਸ਼ਾਂਤੀ ਦਾ ਵਾਸਧੁੱਪ ਜਗਾ ਕੇ ਰੱਖੋ ਤਾਂ ਅਸ਼ਾਂਤੀ ਦੀ ਬਾਂਸ ਸਮਾਪਤ ਹੋ ਜਾਏਗੀ।

******